# ਕਿਰਤ ਵਿਵਾਦਾਂ ਵਾਸਤੇ ਦੇਸ਼ ਨਿਕਾਲੇ ਤੋਂ ਅਸਥਾਈ ਸੁਰੱਖਿਆ

ਜੇ ਤੁਸੀਂ ਕੋਈ ਪ੍ਰਵਾਸੀ ਕਾਮੇ ਹੋ ਜੋ ਕਿਸੇ ਕਾਰਜ-ਸਥਾਨ ਦੀ ਜਾਂਚ ਜਾਂ ਕੇਸ ਵਿੱਚ ਸ਼ਾਮਿਲਤ ਹੈ, ਤਾਂ ਹੋ ਸਕਦਾ ਹੈ ਪ੍ਰਾਂਤਕੀ ਕਿਰਤ ਅਦਾਰੇ ਮਦਦ ਕਰਨ ਦੇ ਯੋਗ ਹੋਣ।

ਕੈਲੀਫੋਰਨੀਆ ਸਾਰੇ ਕਾਮਿਆਂ ਦੀ ਰੱਖਿਆ ਕਰਦਾ ਹੈ ਚਾਹੇ ਉਹਨਾਂ ਦੀ ਪ੍ਰਵਾਸ ਅਵਸਥਾ ਜੋ ਵੀ ਹੋਵੇ। ਅਸੀਂ ਤੁਹਾਡੀ ਪ੍ਰਵਾਸ ਅਵਸਥਾ ਨੂੰ ਤੁਹਾਡੇ ਰੁਜ਼ਗਾਰਦਾਤਾ ਜਾਂ ਪ੍ਰਵਾਸ ਸਬੰਧੀ ਅਧਿਕਾਰੀਆਂ ਨਾਲ ਸਾਂਝਾ ਨਹੀਂ ਕਰਦੇ।

ਫੈਡਰਲ ਪ੍ਰਵਾਸ ਅਥਾਰਟੀਆਂ ਕਈ ਵਾਰ "ਪ੍ਰੋਸੀਕਿਊਟਰੇਟਿਵ ਅਖਤਿਆਰ" ਦਿੰਦੀਆਂ ਹਨ, ਜਿਸਦਾ ਮਤਲਬ ਇਹ ਹੈ ਕਿ ਕੁਝ ਵਿਸ਼ੇਸ਼ ਮਾਮਲਿਆਂ ਵਿੱਚ ਉਹ ਦੇਸ਼ ਨਿਕਾਲੇ ਦੀਆਂ ਕਾਰਵਾਈਆਂ ਤੋਂ ਅਸਥਾਈ ਸੁਰੱਖਿਆ ਪ੍ਰਦਾਨ ਕਰਦੇ ਹਨ।

ਸਵੀਕਾਰਿਤ ਪ੍ਰੋਸੀਕਿਊਰੇਟਿਵ ਅਖਤਿਆਰ

- ਕੁਝ ਵਿਸ਼ੇਸ਼ ਸੀਮਤ ਮਕਸਦਾਂ ਲਈ ਤੁਹਾਨੂੰ ਕਨੂੰਨੀ ਤੌਰ 'ਤੇ ਮੌਜੂਦ ਸਮਝਿਆ ਜਾਵੇਗਾ।
- ਤੁਸੀਂ ਅਸਥਾਈ ਕੰਮ ਦੇ ਅਖਤਿਆਰ ਵਾਸਤੇ ਯੋਗਤਾ ਪੂਰੀ ਕਰ ਸਕਦੇ ਹੋ।

ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਟੀ ਦੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਵਿੱਚ ਸਰਕਾਰੀ ਵਕੀਲ ਦੇ ਅਖਤਿਆਰ ਬਾਰੇ ਵਧੀਕ ਜਾਣਕਾਰੀ ਉਪਲਬਧ ਹੈ।

ਕਿਰਤ ਅਦਾਰੇ ਇੱਕ ਸਰਗਰਮ ਕਿਰਤ ਜਾਂਚ ਜਾਂ ਲਾਗੂ ਕਰਨ ਦੀ ਕਾਰਵਾਈ ਦੌਰਾਨ ਇੱਕ ਪੱਤਰ ਪ੍ਰਦਾਨ ਕਰਾਉਣ ਦੁਆਰਾ, ਜਿਸਨੂੰ "ਦਿਲਚਸਪੀ ਦੀ ਸਟੇਟਮੈਂਟ" ਵਜੋਂ ਜਾਣਿਆ ਜਾਂਦਾ ਹੈ, ਸਰਕਾਰੀ ਵਕੀਲ ਦੇ ਅਖਤਿਆਰ ਵਾਸਤੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਟੀ ਕੋਲ ਤੁਹਾਡੀ ਬੇਨਤੀ ਦਾ ਸਮਰਥਨ ਕਰ ਸਕਦੇ ਹਨ।

ਸਾਰੇ ਕੇਸ ਯੋਗਤਾ ਪੂਰੀ ਨਹੀਂ ਕਰਨਗੇ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਅੱਗੇ ਦਿੱਤੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਨੂੰ ਦੇਖੋ:

- ਲੇਬਰ ਕਮਿਸ਼ਨਰ ਦਾ ਦਫਤਰ
- ਐਗਰੀਕਲਚਰਲ ਲੇਬਰ ਰਿਲੇਸ਼ਨਜ਼ ਬੋਰਡ
- ਕਿੱਤਾਮੁਖੀ ਸੁਰੱਖਿਆ ਅਤੇ ਸਿਹਤ ਦਾ ਵਿਭਾਗ (Division of Occupational Safety and Health, Cal/OSHA)

ਇਹ ਦੇਖਣ ਲਈ ਕਿਸੇ ਪ੍ਰਵਾਸ ਸਬੰਧੀ ਅਟਾਰਨੀ ਨਾਲ ਗੱਲ ਕਰੋ ਕਿ ਕੀ ਸਰਕਾਰੀ ਵਕੀਲ ਦਾ ਅਖਤਿਆਰ ਜਾਂ ਹੋਰ ਪ੍ਰਵਾਸ ਰਾਹਤ ਤੁਹਾਡੇ ਵਾਸਤੇ ਕੋਈ ਵਿਕਲਪ ਹੋ ਸਕਦੇ ਹਨ। ਕੈਲੀਫੋਰਨੀਆ ਦੇ ਸਮਾਜਕ ਸੇਵਾਵਾਂ ਵਿਭਾਗ ਨੇ ਪ੍ਰਵਾਸ ਸੇਵਾਵਾਂ ਪ੍ਰਦਾਨਕਾਂ ਦੀ ਇੱਕ ਸੂਚੀ ਪੋਸਟ ਕੀਤੀ ਹੈ।

SCAN ME